ਨੰ: ਐਫ.ਸੀ.ਏ/ 1505
ਮਿਤੀ 5/6/18

ਵੱਲੋਂ:- ਵਣ ਮੰਡਲ ਅਫਸਰ,
ਐਸ.ਏ.ਐਸ ਨਗਰ ।

ਸੇਵਾ ਵਿਖੇ,
ਪ੍ਰਧਾਨ ਮੁੱਖ ਵਣ ਪਾਲ,
ਪੰਜਾਬ, ਐਸ.ਏ.ਐਸ, ਨਗਰ ।

Subject: Diversion of 0.0312 ha. of forest land infavour of M/s GNG Promoters for construction of approach road to Residential Project at village Nabha, Tehsil Zirakpur on Zirakpur-Patiala road KM 2-3 RHS, Under Forest Division & Distt. S.A.S Nagar, Punjab.

ਯੂਜਰ ਏਜੰਸੀ (M/s GNG Promoters) ਵੱਲੋਂ Residential Project ਲਈ Zirakpur-Patiala road KM 2-3 RHS ਤੇ 0.0312 ਹੈਕਟੇਅਰ ਵਣ ਰਕਬੇ ਵਿੱਚੋਂ ਸਰਵਿਸ ਰੋਡ ਰਾਂਹੀਂ ਅਪਰੋਚ ਰੋਡ ਲੈਣ ਲਈ ਡਾਇਵਰਸਨ ਦਾ ਕੇਸ ਇਸ ਦਫਤਰ ਨੂੰ ਭੇਜਿਆ ਗਿਆ ਹੈ, ਜੋ ਕਿ ਫਾਰੈਸਟ ਕੰਜਰਵੇਸ਼ਨ ਐਕਟ-1980 ਦੇ ਨਿਰਧਾਰਤ ਪ੍ਰੋਫਾਰਮਿਆ ਤੇ ਤਿਆਰ ਕਰਕੇ ਆਪ ਜੀ ਨੂੰ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ । ਤਜਵੀਜ ਵਿੱਚ ਹੇਠ ਲਿਖੇ ਤੱਥ ਸਪਸ਼ਟ ਕੀਤੇ ਜਾਂਦੇ ਹਨ:-

ਯੂਜਰ ਏਜੰਸੀ (M/s GNG Promoters) ਪ੍ਰਾਈਵੇਟ ਦਾ ਅਦਾਰਾ ਹੈ। ਇਸ ਤਜਵੀਜ ਵਿੱਚ Zirakpur-Patiala road KM 2-3 RHS ਫਾਰੈਸਟ ਸਟ੍ਰਿਪ ਦਾ 0.0312 ਹੈਕਟਰ ਵਣ ਰਕਬਾ ਅਤੇ 13 ਰੁੱਖ ਪ੍ਰਭਾਵਿਤ ਹੁੰਦਾ ਹੈ, ਪ੍ਰੰਤੂ ਕੋਈ ਰੁੱਖ/ਬੂਟਾ ਪ੍ਰਭਾਵਿਤ ਨਹੀਂ ਹੁੰਦਾ। ਨਿਮਨਹਸਤਾਖਰ ਵੱਲੋਂ ਸਬੰਧਤ ਰਕਬੇ ਦਾ ਮਿਤੀ: 24-5-18 ਨੂੰ ਨਿੱਜੀ ਨਿਰੀਖਣ ਕਰ ਲਿਆ ਗਿਆ ਹੈ, ਜਿਸ ਦਾ ਲੋੜੀਂਦਾ ਸਰਟੀਫਿਕੇਟ ਤਜਵੀਜ ਨਾਲ ਨੱਥੀ ਪੰਨਾ **59-62** ਤੇ ਦਰਜ ਹੈ। ਪ੍ਰਪੋਜਡ ਰਕਬਾ ਸਟ੍ਰਿਪ ਫਾਰੈਸਟ ਲੈਂਡ ਹੈ। ਯੂਜਰ ਏਜੰਸੀ ਵੱਲੋਂ ਇਸ ਕੇਸ ਦੀ ਐਪਲੀਕੇਸਨ ਪ੍ਰੋਸੈਸਿੰਗ ਫੀਸ ਦੀ ਰਕਮ 1000/- ਰੁਪਏ ਚਲਾਣ ਰਾਂਹੀ ਜਮ੍ਹਾਂ ਕਰਵਾ ਦਿੱਤੀ ਗਈ ਹੈ, ਜੋ ਕਿ ਪ੍ਰਪੋਜਲ ਦੇ ਪੰਨਾ ਨੰ. **92** ਤੇ ਦਰਜ ਹੈ। ਇਸ ਤੋਂ ਇਲਾਵਾ **50/-** ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਪ੍ਰੋਸੈਸਿੰਗ ਫੀਸ ਦੀ ਰਕਮ **15,600/-** ਰੁਪਏ ਯੂਜਰ ਏਜੰਸੀ ਵਲੋਂ ਗਰੀਨਿੰਗ ਪੰਜਾਬ ਫੰਡ ਦੇ ਨਾਂ ਦਾ ਬੈਂਕ ਡਰਾਫਟ ਨੰ. 314337 ਮਿਤੀ 09.02.2018 ਰਾਂਹੀ ਇਸ ਦਫਤਰ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ, ਜੋ ਕਿ ਪ੍ਰਪੋਜਲ ਦੇ ਪੰਨਾ ਨੰ. **93** ਤੇ ਦਰਜ ਹੈ। ਇਸ ਕੇਸ ਵਿੱਚ ਡਾਇਵਰਟ ਹੋਣ ਵਾਲੇ ਵਣ ਰਕਬੇ ਦੇ ਬਦਲੇ ਨਾਨ ਫਾਰੈਸਟ ਲੈਂਡ ਜਾਂ ਇਸ ਦੇ ਬਰਾਬਰ ਦੇ ਰਕਬੇ ਦੀ ਕੀਮਤ ਦੇਣ ਸਬੰਧੀ ਯੂਜਰ ਏਜੰਸੀ ਵੱਲੋਂ ਹਲਫਿਆ ਬਿਆਨ ਦਿੱਤਾ ਹੋਇਆ ਹੈ, ਜੋ ਕਿ ਪ੍ਰੋਪਜਲ ਦੇ ਪੰਨਾ ਨੰ: **55** ਤੇ ਦਰਜ ਹੈ। ਯੂਜਰ ਏਜੰਸੀ ਵਲੋਂ ਉਪਰੋਕਤ Residential Project ਲਈ ਵੱਖ-ਵੱਖ ਵਿਭਾਗਾਂ ਤੋਂ ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕੀਤੇ ਗਏ ਹਨ, ਜੋ ਕਿ ਪ੍ਰਪੋਜਲ ਦੇ ਪੰਨਾ **75-93** ਤੇ ਦਰਜ ਹਨ।

ਯੂਜਰ ਏਜੰਸੀ ਵੱਲੋਂ ਇਸ ਕੇਸ ਵਿੱਚ ਫਾਰੈਸਟ ਕੰਜਰਵੇਸ਼ਨ ਐਕਟ-1980 ਦੀ ਉਲੰਘਣਾਂ ਨਹੀਂ ਕੀਤੀ ਗਈ ਹੈ।

ਸਬੰਧਤ ਯੂਜਰ ਏਜੰਸੀ (M/s GNG Promoters) ਵੱਲੋਂ ਪ੍ਰਭਾਵਿਤ ਰੁੱਖਾਂ ਦੇ 10 ਗੁਣਾ ਦੇ **0.130** ਹੈਕਟਰ ਕੰਪਨਸੇਟਰੀ ਅਫਾਰਸਟੇਸ਼ਨ ਲਈ ਬਣਦੀ ਰਕਮ **63,307/-** ਰੁਪਏ ਅਤੇ ਡਾਇਵਰਟ ਹੋਣ ਵਾਲੇ ਰਕਬੇ ਦੀ ਨੈਟ ਪ੍ਰਜੈਂਟ ਵੈਲਿਊ **27,674/-** ਰੁਪਏ ਕੁੱਲ **90,981/-** ਰੁਪਏ ਜਮ੍ਹਾਂ ਕਰਵਾਉਣ ਸਬੰਧੀ ਅੰਡਰਟੇਕਿੰਗ ਦਿੱਤੀ ਗਈ ਹੈ, ਜੋ ਕਿ ਪੰਨਾ ਨੰਬਰ **52 & 56** ਤੇ ਦਰਜ ਹਨ। ਇਸ ਕੇਸ ਦੀ ਕੰਪਨਸੇਟਰੀ ਪਲਾਂਟੇਸਨ ਲਈ **ਬੀੜ ਛੱਤ** ਵਿਖੇ **0.130** ਹੈਕਟਰ ਵਣ ਰਕਬੇ ਵਿੱਚ **130** ਪੌਦੇ ਲਗਵਾ ਕੇ ਕਰਵਾਈ ਜਾਵੇਗੀ।

ਉਪਰੋਕਤ ਤਜਵੀਜ ਨਾਲ ਪ੍ਰਾਪਤ ਹੋਏ ਦਸਤਾਵੇਜ ਘੋਖਣ ਉਪਰੰਤ ਠੀਕ ਪਾਏ ਗਏ ਹਨ। ਇਸ ਲਈ ਇਸ ਕੇਸ ਨੂੰ ਵਣ ਸੁਰੱਖਿਆ ਐਕਟ-1980 ਦੇ ਸੈਕਸ਼ਨ 2 ਤਹਿਤ ਇਹ ਤਜਵੀਜ ਸਿਫਾਰਿਸ਼ ਸਹਿਤ 2 ਪੜ੍ਹਤਾਂ ਵਿੱਚ ਨਾਲ ਨੱਥੀ ਕਰਕੇ ਭੇਜਿਆ ਜਾਂਦਾ ਹੈ।

ਨੱਥੀ:- 2 ਫਾਈਲਾਂ

ਵਣ ਮੰਡਲ ਅਫਸਰ,
ਐਸ.ਏ.ਐਸ ਨਗਰ।
30/5/18
-ਪਰਤੋਂ ਜੀ-

ਪਿੱਠ ਅੰਕਣ ਨੰ:ਐਫ.ਸੀ.ਏ/ 1506-08 ਮਿਤੀ 5/6/18

ਇਸ ਦੀ ਇੱਕ ਨਕਲ ਹੇਠ ਲਿਖਿਆ ਨੂੰ:-

1. ਵਣ ਪਾਲ, ਸ਼ਿਵਾਲਿਕ ਸਰਕਲ, ਪੰਜਾਬ, ਸਾਹਿਬਜਾਦਾ ਅਜੀਤ ਸਿੰਘ ਨਗਰ ਜੀ ਨੂੰ ਨੋਡਲ ਅਫਸਰ (ਐਫ.ਸੀ.ਏ) ਅਤੇ ਮੁੱਖ ਵਣ ਪਾਲ (ਐਫ.ਸੀ) ਪੰਜਾਬ, ਐਸ.ਏ.ਐਸ. ਨਗਰ ਜੀ ਦੇ ਪਿੱਠ ਅੰਕਣ ਨੰ. **FCA/1980/cb-10-vol-viii/4067-87** ਮਿਤੀ **22-06-2012** ਦੇ ਹਵਾਲੇ ਵਿੱਚ ਉਪਰੋਕਤ ਕੇਸ ਦੀ ਇੱਕ ਫਾਈਲ ਅਗਲੀ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

2. ਵਣ ਰੇਂਜ ਅਫਸਰ, ਡੇਰਾਬੱਸੀ ਨੂੰ ਉਨ੍ਹਾ ਦੇ ਪੱਤਰ ਨੰ. 510 ਮਿਤੀ **05.01.2018** ਦੇ ਹਵਾਲੇ ਵਿੱਚ ਭੇਜ ਕੇ ਹਦਾਇਤ ਕੀਤੀ ਜਾਦੀ ਹੈ, ਕਿ ਉਪਰੋਕਤ ਕੇਸ ਦੀ ਪ੍ਰਵਾਨਗੀ ਭਾਰਤ ਸਰਕਾਰ ਦੇ ਆਉਣ ਤੱਕ ਯੂਜਰ ਏਜੰਸੀ ਨੂੰ ਵਣ ਰਕਬਾ ਨਾ ਵਰਤਣ ਦਿੱਤਾ ਜਾਵੇ।

3. **Sh. Jasbir Singh S/o Atma Singh, Authorized Signatory of M/s GNG Promoters, village Nabha, Tehsil Derabassi, Distt. Mohali (Pb)** ਨੂੰ ਉਨ੍ਹਾਂ ਦੀ ਅਰਜੀ ਮਿਤੀ 02.10.2017 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਪਰੋਕਤਵਾਂਗ।

ਵਣ ਮੰਡਲ ਅਫਸਰ,
ਐਸ.ਏ.ਐਸ ਨਗਰ।